AusNet

ਗੈਸ ਲਈ ਤਿਆਰ ਰਹੋ।

ਗੈਸ ਸੁਰੱਖਿਆ ਸੁਝਾਅ

ਕੁਦਰਤੀ ਗੈਸ ਜਲਣਸ਼ੀਲ ਹੁੰਦੀ ਹੈ। ਗੈਸ ਉਪਕਰਣਾਂ ਤੋਂ ਕਾਰਬਨ ਮੋਨੋਆਕਸਾਈਡ ਲੀਕ ਹੋ ਸਕਦੀ ਹੈ, ਜਿਸ ਕਰਕੇ ਜੇਕਰ ਇਨ੍ਹਾਂ ਦੀ ਸਹੀ ਢੰਗ ਨਾਲ ਸਰਵਿਸ ਨਾ ਕੀਤੀ ਜਾਵੇ ਤਾਂ ਇਹ ਖ਼ਤਰਨਾਕ ਬਣ ਜਾਂਦੇ ਹਨ।

ਇਸ ਲਈ ਆਪਣੇ ਘਰ ਜਾਂ ਵਪਾਰ ਵਿੱਚ ਆਪਣੇ ਗੈਸ ਉਪਕਰਣਾਂ ਦੀ ਸੁਰੱਖਿਆ ਬਣਾਈ ਰੱਖਣ ਲਈ ਇੱਕ ਯੋਗਤਾ ਪ੍ਰਾਪਤ ਗੈਸਫਿਟਰ ਦੀ ਵਰਤੋਂ ਕਰਨਾ ਮਹੱਤਵਪੂਰਨ ਹੈ।

ਆਮ ਸਲਾਹ

- ਕਿਸੇ ਯੋਗਤਾ ਪ੍ਰਾਪਤ ਗੈਸਫਿਟਰ ਤੋਂ ਹਰ ਦੋ ਸਾਲਾਂ ਬਾਅਦ ਆਪਣੇ ਗੈਸ ਹੀਟਰ ਦੀ ਸਰਵਿਸ ਕਰਵਾਓ।
- ਨਿਰਮਾਤਾ ਦੀਆਂ ਹਦਾਇਤਾਂ ਅਨੁਸਾਰ ਆਪਣੇ ਗੈਸ ਉਪਕਰਣਾਂ ਦੀ ਸਰਵਿਸ ਕਰਨ ਲਈ ਹਮੇਸ਼ਾਂ ਇੱਕ ਯੋਗਤਾ ਪ੍ਰਾਪਤ ਗੈਸਫਿਟਰ ਦੀ ਵਰਤੋਂ ਕਰੋ ਅਤੇ ਸਰਵਿਸ ਕੀਤੇ ਜਾਣ ਦੀ ਮਿਤੀ ਦਰਜ ਕਰੋ।
- ਕਿਸੇ ਯੋਗਤਾ ਪ੍ਰਾਪਤ ਗੈਸਫਿਟਰ ਤੋਂ ਤੁਹਾਡੇ ਘਰ ਜਾਂ ਵਪਾਰ ਵਿੱਚ ਕੀਤੇ ਜਾਣ ਵਾਲੇ ਕਿਸੇ ਵੀ ਕੰਮ ਲਈ ਪਾਲਣਾ ਦਾ ਸਰਟੀਫਿਕੇਟ (Certificate of Compliance) ਮੰਗੋ।
- ਆਪਣੇ ਗੈਸ ਹੀਟਰ ਨੂੰ ਆਪਣੇ ਆਪ ਠੀਕ ਕਰਨ ਦੀ ਕੋਸ਼ਿਸ਼ ਨਾ ਕਰੋ - ਇਹ ਇੱਕ ਸੁਰੱਖਿਅਤ DIY ਪ੍ਰੋਜੈਕਟ ਨਹੀਂ ਹੈ, ਤੁਹਾਡੇ ਲਈ ਇੱਕ ਯੋਗਤਾ ਪ੍ਰਾਪਤ ਗੈਸਫਿਟਰ ਨੂੰ ਬੁਲਾਉਣਾ ਲਾਜ਼ਮੀ ਹੈ।
- ਆਪਣੇ ਗੈਸ ਉਪਕਰਣਾਂ ਦੀ ਵਰਤੋਂ ਹਮੇਸ਼ਾ ਉਨ੍ਹਾਂ ਦੇ ਉਦੇਸ਼ ਲਈ ਕਰੋ - ਉਦਾਹਰਣ ਵਜੋਂ ਗੈਸ ਕੁੱਕਰ, ਕੁੱਕਟੌਪ ਜਾਂ ਓਵਨ ਨੂੰ ਆਪਣੇ ਹੀਟਰ ਵਜੋਂ ਨਾ ਵਰਤੋ।
- ਗੈਸ ਉਪਕਰਣ 'ਤੇ ਜਾਂ ਇਸਦੇ ਨੇੜੇ ਰਸਾਇਣ ਜਾਂ ਪ੍ਰੈਸ਼ਰ ਪੈਕ ਨਾ ਰੱਖੋ - ਗਰਮੀ ਕਾਰਨ ਉਹ ਪ੍ਰਤੀਕਿਰਿਆ ਕਰ ਸਕਦੇ ਹਨ ਜਾਂ ਫਟ ਸਕਦੇ ਹਨ।
- ਜੇਕਰ ਤੁਹਾਡੇ ਕੋਲ ਵਪਾਰਕ ਜਾਂ ਉਦਯੋਗਿਕ ਗੈਸ ਮੀਟਰ ਹੈ, ਤਾਂ ਉਹਨਾਂ ਨੂੰ ਨੁਕਸਾਨ ਜਾਂ ਭੰਨਤੋੜ ਤੋਂ ਬਚਾਉਣ ਲਈ ਉਹਨਾਂ ਦੇ ਆਲੇ-ਦੁਆਲੇ ਤਾਰ ਦੀ ਫੈਂਸ ਜਾਂ ਬੋਲਾਰਡ ਲਗਾਉਣ ਬਾਰੇ ਵਿਚਾਰ ਕਰੋ।

ਕਾਰਬਨ ਮੋਨੋਆਕਸਾਈਡ

- ਸੁਰੱਖਿਆ ਉਪਾਅ ਵਜੋਂ ਕਾਰਬਨ ਮੋਨੋਆਕਸਾਈਡ ਅਲਾਰਮ ਲਗਾਉਣ ਬਾਰੇ ਵਿਚਾਰ ਕਰੋ।
- ਆਪਣੇ ਗੈਸ ਹੀਟਰ ਨੂੰ ਰਾਤ ਭਰ ਜਾਂ ਲੰਬੇ ਸਮੇਂ ਲਈ ਚਾਲੂ ਨਾ ਰੱਖੋ।
- ਰਸੋਈ ਦੇ ਰੇਂਜਹੁੱਡ ਅਤੇ ਬਾਥਰੂਮ ਦੇ ਐਗਜ਼ੌਸਟ ਫੈਨ ਨੂੰ ਆਪਣੇ ਹੀਟਰ ਦੇ ਨਾਲ ਇੱਕੋ ਸਮੇਂ ਨਾ ਵਰਤੋ। ਇਸਨਾਲ ਇੱਕ ਨਕਾਰਾਤਮਕ ਦਬਾਅ ਵਾਲਾ ਵਾਤਾਵਰਣ ਬਣ ਸਕਦਾ ਹੈ, ਜਿਸ ਕਰਕੇ ਕਾਰਬਨ ਮੋਨੋਆਕਸਾਈਡ ਘਰ ਦੇ ਖੁਲ੍ਹੇ ਕਮਰਿਆਂ ਵਿੱਚ ਜਾ ਸਕਦੀ ਹੈ।
- ਯਕੀਨੀ ਬਣਾਓ ਕਿ ਤੁਹਾਡੇ ਘਰ ਵਿੱਚ ਕਾਫ਼ੀ ਹਵਾਦਾਰੀ ਹੈ - ਜਾਂਚ ਕਰੋ ਕਿ ਤੁਹਾਡੇ ਘਰ ਦੀਆਂ ਸਥਾਈ ਹਵਾਦਾਰੀ ਵਾਲੀਆਂ ਥਾਵਾਂ ਸਾਫ਼ ਹਨ ਜਾਂ ਨਹੀਂ ਅਤੇ ਜੇ ਜ਼ਰੂਰੀ ਹੋਵੇ ਤਾਂ ਇੱਕ ਖਿੜਕੀ ਖੁੱਲ੍ਹੀ ਛੱਡ ਦਿਓ, ਖਾਸ ਕਰਕੇ ਜੇ ਤੁਹਾਡਾ ਹੀਟਰ ਖੁੱਲ੍ਹਾ-ਡੁੱਲ੍ਹਾ ਹੈ।
- ਕਾਰਬਨ ਮੋਨੋਆਕਸਾਈਡ ਤੋਂ ਆਉਣ ਵਾਲੇ ਜ਼ਹਿਰ ਦੇ ਲੱਛਣਾਂ ਨੂੰ ਜਾਣੋ ਅਤੇ ਜੇਕਰ ਤੁਹਾਨੂੰ ਉਹ ਨਜ਼ਰ ਆਉਣ ਤਾਂ ਜਲਦੀ ਕਾਰਵਾਈ ਕਰੋ।
- ਜੇਕਰ ਤੁਸੀਂ ਕਿਰਾਏ 'ਤੇ ਰਹਿ ਰਹੇ ਹੋ, ਤਾਂ ਯਕੀਨੀ ਬਣਾਓ ਕਿ ਤੁਹਾਡੇ ਗੈਸ ਉਪਕਰਣਾਂ ਦੀ ਪਿਛਲੇ ਦੋ ਸਾਲਾਂ ਵਿੱਚ ਕਿਸੇ ਰਜਿਸਟਰਡ ਗੈਸਫਿਟਰ ਦੁਆਰਾ ਜਾਂਚ ਕੀਤੀ ਗਈ ਹੈ। ਪੁੱਛੇ ਜਾਣ 'ਤੇ ਤੁਹਾਡੇ ਕਿਰਾਏ ਪ੍ਰਦਾਤਾ ਲਈ ਸਭ ਤੋਂ ਹਾਲ ਦੀ ਸੁਰੱਖਿਆ ਜਾਂਚ ਦੀ ਮਿਤੀ ਦਾ ਖੁਲਾਸਾ ਕਰਨਾ ਲਾਜ਼ਮੀ ਹੈ।

AusNet

ਜੇਕਰ ਤੁਹਾਨੂੰ ਆਪਣੀ ਜਾਇਦਾਦ (ਪ੍ਰਾਪਰਟੀ) ਤੋਂ ਗੈਸ ਦੀ ਬਦਬੂ ਆਉਂਦੀ ਹੈ

ਜੇਕਰ ਤੁਹਾਨੂੰ ਆਪਣੇ ਘਰ ਜਾਂ ਵਪਾਰ ਦੇ ਅੰਦਰ ਗੈਸ ਦੀ ਬਦਬੂ ਆਉਂਦੀ ਹੈ:

- ਗੈਸ ਵਾਲੇ ਸਾਰੇ ਉਪਕਰਣ ਬੰਦ ਕਰ ਦਿਓ
- ਹਵਾਦਾਰੀ ਲਈ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਖੋਲ੍ਹ ਦਿਓ
- ਲੀਕ ਦੀ ਮੁਰੰਮਤ ਕਰਨ ਅਤੇ ਆਪਣੀ ਗੈਸ ਵਾਪਸ ਚਾਲੂ ਕਰਨ ਲਈ ਕਿਸੇ ਯੋਗਤਾ ਪ੍ਰਾਪਤ ਗੈਸਫਿਟਰ ਨਾਲ ਸੰਪਰਕ ਕਰੋ
- ਜਿੱਥੇ ਗੈਸ ਲੀਕ ਹੋਣ ਦਾ ਸ਼ੱਕ ਹੋਵੇ, ਉਸਦੇ ਨੇੜੇ ਬਿਜਲੀ ਦੇ ਉਪਕਰਣ ਨਾ ਚਲਾਓ
- ਗੈਸ ਉਪਕਰਣ ਦੇ ਨੇੜੇ ਕਦੇ ਵੀ ਪੈਟਰੋਲ ਜਾਂ ਜਲਣਸ਼ੀਲ ਪਦਾਰਥਾਂ ਦੀ ਵਰਤੋਂ ਨਾ ਕਰੋ।

ਜੇਕਰ ਤੁਹਾਨੂੰ ਆਪਣੇ ਗੈਸ ਮੀਟਰ ਦੇ ਨੇੜੇ ਜਾਂ ਗਲੀ ਵਿੱਚ ਗੈਸ ਦੀ ਬਦਬੂ ਆਉਂਦੀ ਹੈ, ਤਾਂ ਸਾਨੂੰ **13 67 07** 'ਤੇ ਕਾਲ ਕਰੋ।

ਇਸ ਵੈੱਬਸਾਈਟ 'ਤੇ ਇੱਕ ਯੋਗਤਾ ਪ੍ਰਾਪਤ ਗੈਸਫਿਟਰ ਲੱਭੋ: **esv.vic.gov.au/safety-education/gas-safety-at-home**

- ਜੇਕਰ ਤੁਹਾਡੇ ਗੈਸ ਉਪਕਰਣ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ, ਤਾਂ ਇੱਕ ਲਾਇਸੰਸਸ਼ੁਦਾ ਗੈਸਫਿਟਰ ਨੂੰ ਤੁਹਾਡੀ ਗੈਸ ਲਾਈਨ ਦੀ ਜਾਂਚ ਕਰਨ ਦੀ ਲੋੜ ਹੋਵੇਗੀ।
- ਆਊਟੇਜ (ਬੱਤੀ ਜਾਂ ਗੈਸ ਦੇ ਗੁੱਲ ਹੋਣ 'ਤੇ ਇਸਦੇ ਵਾਪਸ ਆਉਣ) ਤੋਂ ਬਾਅਦ ਆਪਣੀ ਗੈਸ ਨੂੰ ਸੁਰੱਖਿਅਤ ਢੰਗ ਨਾਲ ਵਾਪਸ ਚਾਲੂ ਕਰਨ ਦਾ ਤਰੀਕਾ ਸਿੱਖੋ। 'ਆਪਣੇ ਗੈਸ ਮੀਟਰ ਨੂੰ ਵਾਪਸ ਚਾਲੂ ਕਰਨਾ ਅਤੇ ਆਪਣੇ ਉਪਕਰਣਾਂ ਨੂੰ ਦੁਬਾਰਾ ਚਲਾਉਣਾ' ਬਾਰੇ ਸਾਡਾ ਵੀਡੀਓ ਇੱਥੇ ਦੇਖੋ: **ausnet.com.au/gas/get-to-know-your-gas-meter**। ਜੇਕਰ ਤੁਹਾਨੂੰ ਇਹ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਸਾਨੂੰ **13 67 07** 'ਤੇ ਕਾਲ ਕਰੋ ਅਤੇ ਅਸੀਂ ਤੁਹਾਡੀ ਮਦਦ ਕਰਨ ਲਈ ਕਿਸੇ ਨੂੰ ਭੇਜ ਸਕਦੇ ਹਾਂ।
- ਆਪਣੇ ਘਰ, ਕੈਰਾਵੇਨ, ਕਾਰ ਜਾਂ ਟੈਂਟ ਦੇ ਅੰਦਰ ਬਾਹਰੀ ਵਰਤੋਂ ਵਾਲਾ ਗੈਸ ਉਪਕਰਣ ਨਾ ਲਿਆਓ।
- ਜੇਕਰ ਤੁਸੀਂ ਲਾਈਫ਼ ਸਪੋਰਟ ਗਾਹਕ ਹੋ, ਤਾਂ ਯਕੀਨੀ ਬਣਾਓ ਕਿ ਤੁਹਾਡੀ ਐਮਰਜੈਂਸੀ ਯੋਜਨਾ ਅੱਪ-ਟੂ-ਡੇਟ ਹੈ ਅਤੇ ਤੁਹਾਨੂੰ ਪਤਾ ਹੈ ਕਿ ਗੈਸ ਆਊਟੇਜ ਦੌਰਾਨ ਕੀ ਕਰਨਾ ਹੈ। ਇਸ ਵੈੱਬਸਾਈਟ 'ਤੇ ਜਾਓ: **ausnet.com.au/life-support-customers**, ਜਾਂ ਸਾਡੀ ਤਰਜੀਹੀ ਲਾਈਨ ਨੂੰ **1800 818 832** (ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ) 'ਤੇ ਕਾਲ ਕਰੋ।

ਗੈਸ ਸੁਰੱਖਿਆ ਸਬੰਧੀ ਹੋਰ ਸੁਝਾਅ

ਗੈਸ ਲਈ ਤਿਆਰ ਰਹੋ।
ausnet.com.au/gasready

ਬਿਹਤਰ ਸਿਹਤ (Better Health) - ਗੈਸ ਜਾਂ ਬਿਜਲੀ ਦੇ ਬਗੈਰ ਰਹਿਣਾ
betterhealth.vic.gov.au/health/servicesandsupport/emergencies--coping-without-gas-or-electricity

ਗੈਸ ਦੀ ਸੁਰੱਖਿਅਤ ਵਰਤੋਂ
esv.vic.gov.au/community-safety/energy-safety-guides/home-safety/using-gas-safely

ਕੀ ਤੁਹਾਨੂੰ ਸੰਪਰਕ ਕਰਨ ਦੀ ਲੋੜ ਹੈ?

ਗੈਸ ਸਬੰਧੀ ਨੁਕਸ ਅਤੇ ਐਮਰਜੈਂਸੀ ਲਾਈਨ
13 67 07 (ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ)

ausnet.com.au

AusNet

ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ 13 14 50 'ਤੇ ਕਾਲ ਕਰੋ।

ਆਪਣਾ ਪਸੰਦੀਦਾ ਰੀਲੇਅ ਸਰਵਿਸ ਐਕਸੇਸ (ਸੇਵਾ ਪਹੁੰਚ) ਵਿਕਲਪ ਚੁਣਦੇ ਸਮੇਂ ਸਾਡਾ ਫ਼ੋਨ ਨੰਬਰ ਪ੍ਰਦਾਨ ਕਰੋ।